PUNJAB STATE TRANSMISSION CORPORATION LIMITED
OFFICE of: the - ASE / P&M DIVISION, ABLOWAL (PATIALA)
Near Sarabha Nagar, 220 KV Sub Station, Ablowal, Patiala
Mobile no.96461-18211 E mail - srxen-pm-abl@pstcl.org

**TE no. 11/PM/ABL/2023-24**

**Registered Post**

ਵੱਲ

To whom it may concern

ਮੀਮੋ ਨੰਬਰ ____________ ਮਿਤੀ ____________

ਵਿਸ਼ਾ ਸਾਫ-ਸਫਾਈ ਦਾ ਕੰਮ ਆਊਟਸੋਰਸ ਰਾਹੀਂ ਕਰਵਾਉਣ ਲਈ **ਲਿਮਟਿਡ ਟੈਂਡਰ।**

ਨਿਮਨ ਹਸਤਾਖਰ ਵੱਲੋਂ ਠੇਕੇਦਾਰਾਂ/ਫਰਮਾਂ/ਸਪਲਾਈ ਕਰਤਾਵਾਂ ਤੋਂ ਹੇਠ ਲਿਖੇ ਕੰਮ ਕਰਵਾਉਣ ਲਈ ਕੁਟੇਸ਼ਨਾਂ/ਲਿਮਟਿਡ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ।

| ਲੜੀ ਨੰਬਰ | ਕੰਮ ਦਾ ਵੇਰਵਾ | ਟੈਂਡਰ ਇੰਨਕੁਆਰੀ ਨੰਬਰ | ਜ਼ਮਾਨਤ ੀ ਰਕਮ | ਟੈਂਡਰ ਫੀਸ | ਟੈਂਡਰ ਦਸਤਾਵੇਜ਼ ਜਾਰੀ ਕਰਨ/ਆਖਰੀ ਦੀ ਮਿਤੀ | ਟੈਂਡਰ ਦਸਤਾਵੇਜ਼ ਜਮ੍ਹਾਂ ਕਰਵਾਉਣ/ਖੋਲਣ ਦੀ ਆਖਰੀ ਮਿਤੀ ਅਤੇ ਸਮਾਂ |
|---|---|---|---|---|---|---|
| 1 | 220 ਕੇ.ਵੀ. ਸ/ਸ ਅਲਟਰਾਟੈਕ ਰਾਜਪੁਰਾ ਅਧੀਨ ਪੀ ਤੇ ਐਮ ਮੰਡਲ, ਅਬਲੋਵਾਲ ਵਿਖੇ ਰੋਜਾਨਾ ਇੱਕ ਸਾਲ ਲਈ (ਵਰਕ ਆਰਡਰ ਜਾਰੀ ਹੋਣ ਉਪਰੰਤ) ਕੰਟਰੋਲ ਰੂਮ, ਪਾਰਕਿੰਗ ਸੈਂਡ, ਅੜੇ ਦਫਤਰ ਦੇ ਕਮਰੇ, ਵਾਸ਼ਰੂਮ, ਬੈਟਰੀ ਰੂਮ ਆਦਿ ਦੀ ਸਾਫ-ਸਫਾਈ ਦਾ ਕੰਮ ਆਊਟਸੋਰਸ ਲਈ ਘੱਟੋ-ਘੱਟ ਰੇਟਾਂ ਤੇ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ। ਰੇਟ ਅਨੈਕਸਚਰ-ਬੀ ਵਿੱਚ ਭਰੇ ਜਾਣ। | 11/ਪੀਐਮ/ਅਬਲੋਵਾਲ/ 2023-24 | 5000/- | ਨਿਲ | ਮਿਤੀ 07.03.2024 ਤੋਂ 21.03.2024 ਸਮਾਂ 17:00 ਵੱਜੇ ਤੱਕ (ਡੀਐਨਆਈਟੀ ਅਨੈਕਸਚਰ-ਏ ਅਤੇ ਬੀ) | ਮਿਤੀ 22.03.2024 ਸਮਾਂ 11:00 ਵੱਜੇ ਤੱਕ ਅਤੇ ਮਿਤੀ 22.03.2024 ਨੂੰ 11:30 ਵੱਜੇ ਟੈਂਡਰ ਦਸਤਾਵੇਜ਼ ਖੋਲੇ ਜਾਣਗੇ। |

ਇਹ ਕੁਟੇਸ਼ਨਾਂ ਪੂਰੀ ਤਰ੍ਹਾਂ ਕੰਪਲੀਟ ਹਾਲਤ ਵਿੱਚ ਮਿਤੀ 22.03.2024 ਨੂੰ ਸਮਾਂ 11:00 ਵੱਜੇ ਤੱਕ ਇਸ ਦਫਤਰ ਵਿਖੇ ਪਹੁੰਚ ਜਾਣੀਆਂ ਚਾਹੀਦੀਆਂ ਹਨ, ਜੋ ਕਿ ਮਿਤੀ 22.03.2024 ਨੂੰ ਹੀ ਸਮਾਂ 11:30 ਵੱਜੇ ਖੋਲੀਆਂ ਜਾਣਗੀਆਂ। ਜੇਕਰ ਕਿਸੇ ਕਾਰਨ ਕਰਕੇ ਕੁਟੇਸ਼ਨਾਂ ਖੋਲਣ ਦੀ ਨਿਸ਼ਚਿਤ ਮਿਤੀ ਨੂੰ ਕੋਈ ਛੁੱਟੀ ਆ ਜਾਵੇ ਤਾਂ ਇਹ ਕੁਟੇਸ਼ਨਾਂ ਅਗਲੇ ਕੰਮ ਵਾਲੇ ਦਿਨ ਕੁਟੇਸ਼ਨਾਂ ਦੇਣ ਵਾਲੇ ਠੇਕੇਦਾਰਾਂ ਜਾਂ ਉਹਨਾਂ ਦੇ ਪ੍ਰਤੀਨਿਧੀ ਜੋ ਕਿ ਹਾਜ਼ਿਰ ਹੋਣਾ ਚਾਹੁੰਣਗੇ, ਦੀ ਹਾਜ਼ਰੀ ਵਿੱਚ ਖੋਲੀਆਂ ਜਾਣਗੀਆਂ। ਟੈਂਡਰ ਦਸਤਾਵੇਜ਼, ਵਿਸ਼ਥਾਰਪੂਰਵਕ ਸ਼ਰਤਾਂ ਅਤੇ ਨਿਯਮ ਇਸ ਦਫਤਰ ਵਿੱਚੋਂ ਉਪਰੋਕਤ ਦਰਸਾਏ ਮਿਤੀ ਅਤੇ ਸਮੇ ਅਨੁਸਾਰ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੇ ਜਾ ਸਕਦੇ ਹਨ। ਠੇਕੇਦਾਰ ਵੱਲੋਂ 220 ਕੇ.ਵੀ. ਸ/ਸ ਅਲਟਰਾਟੈਕ ਰਾਜਪੁਰਾ ਵਿਖੇ ਕੀਤੇ ਜਾਣ ਵਾਲੇ ਕੰਮ ਸਬੰਧੀ ਏਰੀਆ ਕਿਸੇ ਵੀ ਕੰਮ ਵਾਲੇ ਦਿਨ ਦੇਖਿਆ ਜਾ ਸਕਦਾ ਹੈ।

7/3

ਸ਼ਰਤਾਂ:-

1) ਫਰਮ ਕੋਲ ਜੀ.ਐਸ.ਟੀ. ਨੰਬਰ, ਈ.ਪੀ.ਐਫ. ਨੰਬਰ, ਈ.ਐਸ.ਆਈ. ਨੰਬਰ, ਪੈਨ ਨੰਬਰ ਆਦਿ ਹੋਣੇ ਚਾਹੀਦੇ ਹਨ।
2) ਰੇਟ ਕੁਟੇਸ਼ਨ ਖੋਲਣ ਦੀ ਮਿਤੀ ਤੋਂ ਚਾਰ ਮਹੀਨੇ (120 ਦਿਨ) ਤੱਕ ਯੋਗ ਹੋਣਗੇ।
3) ਅਧੂਰੀਆਂ, ਸ਼ਰਤਾਂ ਵਾਲੀਆਂ, ਟੈਲੀਗ੍ਰਾਫਿਕ ਜਾਂ ਟੈਲੀਫੋਨਿਕ ਕੁਟੇਸ਼ਨਾਂ ਰੱਦ ਸਮਝੀਆਂ ਜਾਣਗੀਆਂ।
4) ਨਿਮਨ ਹਸਤਾਖਰ ਨੂੰ ਪੂਰੇ ਅਧਿਕਾਰ ਹੋਣਗੇ ਕਿ ਉਹ ਕਿਸੇ ਵੀ ਕੁਟੇਸ਼ਨ ਜਾਂ ਸਾਰੀਆਂ ਕੁਟੇਸ਼ਨਾਂ ਨੂੰ ਬਿਨਾਂ ਕੋਈ ਕਾਰਨ ਦੱਸੇ ਰੱਦ ਕਰ ਸਕਦਾ ਹੈ।
5) ਜ਼ਮਾਨਤੀ ਰਕਮ ਡਰਾਫਟ ਅਤੇ ਓਨ ਲਾਈਨ ਮਾਧਿਅਮ ਰਾਹੀਂ ਜੁਮਾਂ ਕਰਵਾਈ ਜਾ ਸਕਦੀ ਹੈ।।(ਡਰਾਫਟ: ਵਧੀਕ ਨਿਗਰਾਨ **ਇੰਜੀਨੀਅਰ/ਪੀ ਤੇ ਐਮ ਮੰਡਲ, ਅਬਲੋਵਾਲ or ASE/P&M Division Ablowal,** ਦੇ ਨਾਮ ਤੇ ਹੋਣਾ ਚਾਹੀਦਾ ਹੈ।ਓਨ ਲਾਈਨ ਲਈ **SBI Bank Account no.** 65083560790, IFSC Code SBIN0050012 Receipting Name PSTC, ਓਨ ਲਾਈਨ ਪੇਮੈਂਟ ਦੀ ਰਸੀਦ ਕੁਟੇਸ਼ਨ ਨਾਲ ਨੱਥੀ ਕੀਤੀ ਜਾਵੇ।ਬਿਨਾਂ ਜ਼ਮਾਨਤੀ ਰਕਮ ਦੇ ਕੋਈ ਕੁਟੇਸ਼ਨ ਦਾਖਲ ਨਹੀਂ ਕੀਤੀ ਜਾਵੇਗੀ।
6) ਕੰਮ ਦੀ ਮਿਕਦਾਰ ਘਟਾਈ ਜਾਂ ਵਧਾਈ ਜਾ ਸਕਦੀ ਹੈ।
7) ਜੇ ਕੁਟੇਸ਼ਨਾਂ ਨਿਸ਼ਚਿਤ ਸਮੇਂ ਤੇ ਨਹੀਂ ਪਹੁੰਚਦੀਆਂ ਤਾਂ ਰੱਦ ਸਮਝੀਆਂ ਜਾਣਗੀਆਂ।
8) Latest ਵਰਕ ਰੇਗੂਲੇਸ਼ਨ ਅਨੁਸਾਰ ਸਾਰੀਆਂ ਸ਼ਰਤਾਂ ਲਾਗੂ ਹੋਣਗੀਆਂ।
9) ਕਿਸੇ ਵੀ ਝਗੜੇ ਦੀ ਸੂਰਤ ਵਿੱਚ ਕੇਸ ਦਾ ਨਿਪਟਾਰਾ ਪਟਿਆਲਾ ਜੁਰੀਡੀਕਸ਼ਨ ਵਿਖੇ ਹੋਵੇਗਾ।
10) ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਆਪ ਦੀ ਫਰਮ ਅਧੀਨ ਕੰਮ ਕਰਦੇ ਕਾਮੇ ਰਜਿਸਟਰਡ ਹੋਣੇ ਚਾਹੀਦੇ ਹਨ।
11) ਇਸ ਟੈਂਡਰ ਸਬੰਧੀ ਕਿਸੇ ਕਿਸਮ ਦੀ ਕੋਈ ਵੀ ਸੋਧ ਪੀਐਸਟੀਸੀਐਲ ਦੀ ਵੈਬਸਾਈਟ www.pstcl.org ਤੇ ਹੀ ਉਪਲਬਧ ਹੋਵੇਗੀ।

7/3/24

ਵਧੀਕ ਨਿਗਰਾਨ ਇੰਜੀਨੀਅਰ,
ਪੀ ਅਤੇ ਐਮ ਮੰਡਲ,ਪੀਐਸਟੀਸੀਐਲ,
ਅਬਲੋਵਾਲ।

ਸੀ ਸੀ :- 482/84 7/3/24

1. ਉਪ ਮੁੱਖ ਇੰਜੀਨੀਅਰ/ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ. ਪਟਿਆਲਾ।
2. ਐਸ.ਐਸ.ਈ./220 ਕੇ.ਵੀ. ਸ/ਸ ਅਲਟਰਾਟੈਕ ਰਾਜਪੁਰਾ।
3. ਨੋਟਿਸ ਬੋਰਡ ਅਤੇ ਵੈਬਸਾਈਟ।

PUNJAB STATE TRANSMISSION CORPORATION LIMITED
OFFICE of:- ASE. / P&M DIVISION, ABLOWAL (PATIALA)
Near Sarabha Nagar, 220 KV Sub Station, Ablowal, Patiala
Mobile no. 0-96461-18211
E mail - pmxenablowal@gmail.com, srxen-pm-abl@pstcl.org

ਅਨੈਕਸਚਰ-ੲ

TE no. 11/PM/ABL/2023-24

ਵੱਲ:

____________________
____________________
____________________

**ਵਿਸ਼ਾ:** **220 ਕੇ.ਵੀ. ਸ/ਸ ਅਲਟਰਾਟੈਕ ਰਾਜਪੁਰਾ ਅਧੀਨ ਪੀ ਤੇ ਐਮ ਮੰਡਲ, ਅਬਲੋਵਾਲ ਵਿਖੇ ਸਾਫ-ਸਫਾਈ ਦੇ ਕੰਮ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਸ਼ਾ ਅਧੀਨ ਦਰਸਾਇਆ ਕੰਮ ਕਰਨ ਲਈ ਹੇਠ ਲਿਖੇ ਅਨੁਸਾਰ ਨਿਯਮਾਂ ਅਤੇ ਸ਼ਰਤਾ ਦੀ ਪਾਲਣਾ ਇੰਨ ਬਿੰਨ ਕੀਤੀ ਜਾਵੇ।ਕੁਟੇਸ਼ਨਾਂ ਦੇ ਰੇਟ ਨੱਥੀ ਅਨੈਕਸਚਰ ਬੀ ਵਿੱਚ ਭਰੇ ਜਾਣ।

**ੳ) ਸਾਫ-ਸਫਾਈ ਦੇ ਕੰਮ ਸਬੰਧੀ ਨਿਯਮ ਅਤੇ ਸ਼ਰਤਾਂ:-**

1) ਸਾਫ ਸਫਾਈ ਦਾ ਕੰਮ 220 ਕੇ.ਵੀ. ਸ/ਸ ਅਲਟਰਾਟੈਕ ਰਾਜਪੁਰਾ ਦੇ ਖੇਤਰ ਵਿੱਚ ਰੋਜਾਨਾ ਸਵੇਰੇ ਕੀਤਾ ਜਾਵੇਗਾ।
2) ਦਫਤਰ ਦੇ ਅਹਾਤੇ ਅੰਦਰ ਸਮੇਤ ਵਾਸ਼ਰੂਮ (ਵਾਸ਼ ਬੇਸਿਨ, ਤੌਲੀਆ ਸਟੈਂਡ/ ਵੇਸਟੇਜ ਚੈਂਬਰ/ ਯੂਰੀਨਲ ਪੋਰਟਸ/ ਪੈਂਟਰੀ) ਅਫਸਰਾਂ ਦੇ ਕੈਬਿਨ/ ਵਰਕ ਸਟੇਸ਼ਨ'ਜ, ਸਾਂਝਾ ਏਰੀਆ/ ਦਫਤਰ ਦੇ ਆਲੇ-ਦੁਆਲੇ ਦੀ ਸਫਾਈ ਕਰਨਾ/ ਝਾੜੂ ਲਗਾਉਣਾ/ ਪੋਚਾ ਲਗਾਉਣਾ ਆਦਿ।
3) ਸਾਰੇ ਡਸਟਬਿਨਾਂ ਆਦਿ ਵਿੱਚੋਂ ਕੂੜਾ ਕੱਢਣਾ ਅਤੇ ਸਹੀ ਜਗ੍ਹਾਂ ਤੇ ਸਹੀ ਤਰੀਕੇ ਨਾਲ ਸੁੱਟਣਾ।
4) ਗੋਬਰ, ਪੰਛੀਆਂ ਦੀਆਂ ਬਿੱਠਾਂ ਅਤੇ ਅੰਦਰਲੀ ਦੀਵਾਰਾਂ ਤੇ ਹੋਰ ਗੰਦਗੀ ਆਦਿ ਨੂੰ ਸਾਫ ਕਰਨਾ।
5) ਸੀਵਰੇਜ ਦੀ ਬਲੋਕੇਜ (blockage) ਦੀ preventive ਨਿਰੀਖਣ ਅਤੇ ਸਾਂਭ-ਸੰਭਾਲ ਕਰਨਾ।
6) ਪਾਰਕਿੰਗ ਵਾਲੀ ਜਗ੍ਹਾਂ ਦਾ ਰੱਖ-ਰੱਖਾਵ/ ਸਫਾਈ।
7) ਡਰੇਨ ਪਾਇਪਸ/ ਮੀਹ ਵਾਲੇ ਪਾਣੀ ਦੀਆਂ ਪਾਈਪਾਂ ਦੀ ਬਲੋਕੇਜ (blockage) ਚੈੱਕ ਕਰਨਾ ਅਤੇ ਦੂਰ ਕਰਨਾ।
8) ਦਰਵਾਜੇ/ ਖਿੜਕੀਆਂ ਤੇ ਉਹਨਾਂ ਦੇ ਫਰੇਮਾਂ/ ਖਿੜਕੀਆਂ ਦੇ ਪੱਲੇ/ ਫਿਕਸਚਰਜ ਅਤੇ ਹੈਂਡ ਰੇਲਜ ਆਦਿ ਦੀ ਸਫਾਈ।
9) ਫਰਨੀਚਰ/ ਫਾਈਲ ਬੁਕਸ/ ਦਸਤਾਵੇਜ ਅਤੇ ਚੱਲ ਵਸਤਾਂ ਦੀ ਸਫਾਈ ਅਤੇ ਸਹੀ ਤਰੀਕੇ/ ਢੰਗ ਨਾਲ ਰੱਖਣਾ।
10) ਸਫਾਈ ਸਬੰਧੀ ਸਮੇਂ-ਸਮੇਂ ਅਨੁਸਾਰ ਦਿੱਤੇ ਜਾਣ ਵਾਲੇ ਹੋਰ ਕੰਮ ਆਦਿ ਕਰਨਾ।

**ਅ) ਅਦਾਇਗੀ ਨਾਲ ਸਬੰਧਤ ਨਿਯਮ ਅਤੇ ਸ਼ਰਤਾਂ:-**

1. ਬਿਲ ਵਿੱਚੋਂ ਨਿਯਮਾਂ ਅਨੁਸਾਰ ਆਮਦਨ ਕਰ ਕੱਟਿਆ ਜਾਵੇਗਾ। ਠੇਕੇਦਾਰ ਵੱਲੋਂ ਪੈਨ ਨੰਬਰ ਦੇਣਾ ਜਰੂਰੀ ਹੋਵੇਗਾ, ਪੈਨ ਨੰਬਰ ਨਾ ਦੇਣ ਦੀ ਸੂਰਤ ਵਿੱਚ ਇਨਕਮ-ਟੈਕਸ ਬਿਲ ਵਿੱਚੋਂ 20% ਕੱਟਿਆ ਜਾਵੇਗਾ।
2. ਅਦਾਇਗੀ ਮਹੀਨਾਵਾਰ ਕੀਤੀ ਜਾਵੇਗੀ ਅਤੇ ਇਨਕਮ ਟੈਕਸ, ਲੇਬਰ ਸੈਸ, 5% ਸਕਿਊਰਿਟੀ ਅਤੇ ਹੋਰ ਕੋਈ ਟੈਕਸ ਬਣਦਾ ਹੋਵੇ, ਸਿਵਾਏ ਜੀ.ਐਸ.ਟੀ. ਜੋ ਲਾਗੂ ਹੋਵੇਗਾ, ਇਹ ਵੀ ਚੱਲਦੇ/ ਅੰਤਿਮ ਬਿਲ ਵਿੱਚੋਂ ਕੱਟੇ ਜਾਣਗੇ।
3. ਕੰਮ ਦੇ ਦੌਰਾਨ ਠੇਕੇਦਾਰ ਦੇ ਕਾਮਿਆਂ ਵੱਲੋਂ ਕਿਸੇ ਕਿਸਮ ਦੇ ਨੁਕਸਾਨ ਹੋਣ ਦੀ ਸੂਰਤ ਵਿੱਚ ਜਿਵੇਂ ਕਿ ਬਿਲਡਿੰਗ, ਰੋਡ, ਫੈਂਸਿੰਗ, ਬਿਜਲੀ ਯੰਤਰਾਂ ਅਤੇ ਦਰੱਖਤ-ਬੂਟੇ ਆਦਿ ਦੇ ਹੋਏ ਨੁਕਸਾਨ ਸਬੰਧੀ ਖਰਚੇ ਨੂੰ ਠੇਕੇਦਾਰ ਵੱਲੋਂ ਪੂਰਾ ਕੀਤਾ ਜਾਵੇਗਾ ਜਾਂ ਇਸ ਖਰਚੇ ਨੂੰ ਠੇਕੇਦਾਰ ਦੇ ਬਿਲਾਂ ਜਾਂ ਸਕਿਊਰਿਟੀ ਵਿੱਚੋਂ ਕੱਟਿਆ ਜਾਵੇਗਾ।
4. **ਮਹਿਕਮੇਂ ਵੱਲੋਂ ਜੀ.ਐਸ.ਟੀ. ਜੋ ਲਾਗੂ ਹੋਵੇਗਾ ਵੱਖਰਾ ਅਦਾ ਕੀਤਾ ਜਾਵੇਗਾ।**
5. ਠੇਕੇਦਾਰ ਵੱਲੋਂ ਨਿਯਮ ਅਤੇ ਸ਼ਰਤਾਂ ਮੁਤਾਬਿਕ ਮੈਨ-ਪਾਵਰ ਮੁੱਹਈਆਂ ਨਹੀਂ ਕਰਵਾ ਸਕਿਆ ਤਾਂ ਪੀ.ਐਸ.ਟੀ.ਸੀ.ਐਲ. ਵੱਲੋਂ ਕੰਮ ਕਰਵਾਉਣ ਲਈ ਅਦਾ ਕੀਤੀ ਰਕਮ/ ਤਨਖਾਹ ਦੇ ਦੁਗਨੇ ਰੇਟ ਤੇ ਰਕਮ ਜੁਰਮਾਨੇ ਵੱਜੋਂ ਠੇਕੇਦਾਰ ਤੋਂ ਵਸੂਲੀ ਜਾਵੇਗੀ।
6. ਠੇਕੇਦਾਰ ਦੀ ਲੇਬਰ/ ਮੈਨ-ਪਾਵਰ ਦੀ ਅਨਗਹਿਲੀ ਕਾਰਨ ਜੇਕਰ ਪੀ.ਐਸ.ਟੀ.ਸੀ.ਐਲ. ਦੀ ਪ੍ਰਾਪਰਟੀ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਠੇਕੇਦਾਰ ਵੱਲੋਂ ਇਸ ਦੀ ਪੂਰਤੀ ਪੀ.ਐਸ.ਟੀ.ਸੀ.ਐਲ. ਨੂੰ ਕੀਤੀ ਜਾਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨੁਕਸਾਨ ਪੂਰਤੀ ਲਈ ਵਸੂਲੀ ਠੇਕੇਦਾਰ ਦੇ ਬਿਲਾਂ ਵਿੱਚੋਂ ਕਰ ਲਈ ਜਾਵੇਗੀ।
7. ਪੀ.ਐਸ.ਟੀ.ਸੀ.ਐਲ. ਦੇ ਅਹਾਤੇ ਅੰਦਰ ਡਿਊਟੀ ਕਰਦੇ ਸਮੇਂ ਜੇਕਰ ਏਜੰਸੀ/ ਠੇਕੇਦਾਰ ਦੇ ਕਰਮਚਾਰੀ/ ਕਾਮੇ ਨੂੰ ਸੱਟ ਲੱਗਦੀ ਹੈ ਤਾਂ ਉਸ ਹਾਲਤ ਵਿੱਚ ਕਰਮਚਾਰੀ/ ਕਾਮੇ ਦੇ ਕਿਸੇ ਵੀ ਕਲੇਮ ਦੀ ਜਿੰਮੇਵਾਰੀ ਏਜੰਸੀ/ ਠੇਕੇਦਾਰ ਦੀ ਹੋਵੇਗੀ। ਪੀ.ਐਸ.ਟੀ.ਸੀ.ਐਲ. ਦੀ ਕਿਸੇ ਵੀ ਪੱਧਰ ਤੇ ਕਿਸੇ ਵੀ ਕਿਸਮ ਦੇ ਕਲੇਮ ਜਾਂ ਕਾਨੂੰਨੀ ਸਿੱਟੇ ਨਿਕਲਣ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।
8. ਗਜਿਟਡ ਛੁੱਟੀ ਜਾਂ ਐਤਵਾਰ ਵਾਲੇ ਦਿਨਾਂ ਵਿੱਚ ਇੰਚਾਰਜ ਇੰਜੀਨੀਅਰ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਕੰਮ ਨਹੀ ਕੀਤਾ ਜਾਵੇਗਾ।

7/3

ੲ) ਹੋਰ ਨਿਯਮ ਅਤੇ ਸ਼ਰਤਾਂ:-

1. ਕੰਮ ਅਲਾਟ ਹੋਣ ਵਾਲੇ ਠੇਕੇਦਾਰ ਵੱਲੋਂ ਦਿੱਤੀ ਜਮਾਨਤੀ ਰਕਮ ਕੰਮ ਦੀ ਮਿਆਦ ਪੂਰੀ ਹੋਣ ਤੋਂ 6 ਮਹੀਨੇ ਬਾਅਦ ਵਾਪਿਸ ਕੀਤੀ ਜਾਵੇਗੀ।ਕੰਮ ਨਾ ਅਲਾਟ ਹੋਣ ਵਾਲੇ ਠੇਕੇਦਾਰ ਆਪਣੀ ਜਮਾਨਤੀ ਰਕਮ ਵਾਪਿਸ ਲੈ ਸਕਦੇ ਹਨ।
2. ਜੇਕਰ ਤੁਸੀਂ ਮਹਿਕਮੇ ਨਾਲ ਕੀਤੇ ਇਕਰਾਰਨਾਮੇ ਦੀ ਉਲੰਘਣਾ ਕਰਦੇ ਹੋ ਤਾਂ ਤੁਹਾਡੀ ਜਮਾਨਤੀ ਰਕਮ ਜਬਤ ਕਰ ਲਈ ਜਾਵੇਗੀ ਅਤੇ ਵਰਕ ਆਰਡਰ ਕਮ ਕੰਟਰੈਕਟ ਐਗਰੀਮੈਂਟ ਰੱਦ ਕਰ ਦਿੱਤਾ ਜਾਵੇਗਾ।
3. ਕੰਟਰੈਕਟ ਸਮੇਂ ਦੌਰਾਨ, ਠੇਕੇਦਾਰ ਵੱਲੋਂ ਭਰੇ ਗਏ ਰੇਟ ਵਿੱਚ ਕੋਈ ਤਬਦੀਲੀ ਨਹੀ ਹੋਵੇਗੀ।
4. ਠੇਕੇਦਾਰ ਵੱਲੋਂ ਇਹ ਕੰਮ ਸਿਖਲਾਈ ਪ੍ਰਾਪਤ ਕਰਮਚਾਰੀਆਂ/ ਕਾਮਿਆਂ ਤੋਂ ਕਰਵਾਇਆ ਜਾਵੇਗਾ।
5. ਠੇਕੇਦਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਸ ਦੀ ਸੇਵਾ ਵਿੱਚ ਜੋ ਵੀ ਕਰਮਚਾਰੀ/ ਕਾਮੇ ਹਨ, ਉਸ ਦੀ ਉਮਰ 18 ਸਾਲ ਤੋਂ ਉੱਪਰ ਹੈ।
6. ਕਰਮਚਾਰੀਆਂ/ ਕਾਮਿਆਂ ਦੇ ਅਨੁਸ਼ਾਸ਼ਨ ਅਤੇ ਵੈਲਫੇਅਰ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਕੰਮ ਤੇ ਲਗਾਏ ਗਏ ਕਰਮਚਾਰੀਆਂ/ ਕਮਿਆਂ ਵੱਲੋਂ ਕੀਤੀ ਗਈ ਕਿਸੇ ਕਿਸਮ ਦੀ ਅਨੁਸ਼ਾਸ਼ਨਹੀਣਤਾ/ ਦੁਰਵਿਵਹਾਰ ਠੇਕੇਦਾਰ ਵੱਲੋਂ ਤੇਜੀ ਨਾਲ ਦਰੁਸਤ ਕੀਤਾ ਜਾਵੇਗਾ।
7. ਠੇਕੇਦਾਰ ਜਾਂ ਉਸ ਦੇ ਕਰਮਚਾਰੀ/ ਕਾਮੇ ਵੱਲੋਂ ਕੀਤਾ ਜਾ ਰਿਹਾ ਕੰਮ ਜੇਕਰ ਤਸੱਲੀਬਖਸ਼ ਨਹੀਂ ਪਾਇਆ ਜਾਂਦਾ ਤਾਂ ਉਸ ਹਾਲਤ ਵਿੱਚ ਸਬੰਧਤ ASE/P&M Division, PSTCL, Ablowal ਵੱਲੋਂ ਸਲਾਹ ਦੇਣ ਤੇ ਠੇਕੇਦਾਰ ਵੱਲੋਂ ਤੁਰੰਤ ਅਤੇ ਪ੍ਰਭਾਵਸ਼ਾਲੀ ਸਰਵਿਸ ਮੁੱਹਈਆ ਕਰਵਾਉਣ ਲਈ ਜਰੂਰੀ ਕਦਮ ਉਠਾਏ ਜਾਣਗੇ।
8. ਠੇਕੇਦਾਰ ਵੱਲੋਂ ਕਰਮਚਾਰੀਆਂ/ ਕਾਮਿਆਂ ਦੀ ਸੁਰੱਖਿਆਂ ਅਤੇ ਪਹਿਚਾਨ ਮੰਤਵ ਲਈ ਤਾਜਾ ਫੋਟੋਗਰਾਫ (Photo) ਨਾਲ ਪਹਿਚਾਨ ਪੱਤਰ ਜਾਰੀ ਕੀਤੇ ਜਾਣਗੇ।
9. ਠੇਕੇਦਾਰ ਅਧੀਨ ਕਰਮਚਾਰੀ/ ਕਾਮੇ ਆਪਣਾ ਚਾਹ ਅਤੇ ਖਾਣੇ ਲਈ ਆਪ ਪ੍ਰਬੰਧ ਕਰਨਗੇ।
10. ਠੇਕੇਦਾਰ ਵੱਲੋਂ ਖਾਸ ਤੌਰ ਤੇ ਇਹ ਸਹਿਮਤੀ ਦੇਣੀ ਹੋਵੇਗੀ ਕਿ ਉਸ ਵੱਲੋਂ ਰੱਖੇ ਗਏ ਕਰਮਚਾਰੀ/ ਕਾਮੇ ਸਾਰੇ ਮੰਤਵਾਂ ਲਈ ਠੇਕੇਦਾਰ ਦੇ ਕਰਮਚਾਰੀ/ ਕਾਮੇ ਹੀ ਹੋਣਗੇ ਅਤੇ ਉਹ ਪੀ.ਐਸ.ਟੀ.ਸੀ.ਐਲ. ਨਾਲ ਕੋਈ ਸਬੰਧ ਨਹੀ ਕਲੇਮ ਕਰਨਗੇ। ਜਿਸ ਵਿੱਚ ਰੋਜਗਾਰਦਾਤਾ-ਕਰਮਚਾਰੀ/ ਕਾਮੇ ਦਾ ਸਬੰਧ ਵੀ ਸ਼ਾਮਿਲ ਹੈ। ਜੇਕਰ ਕਰਮਚਾਰੀਆਂ/ ਕਾਮਿਆਂ ਵੱਲੋਂ ਅਜਿਹਾ ਕੋਈ ਦਾਅਵਾ ਕੀਤਾ ਜਾਂਦਾ ਹੈ ਅਤੇ ਅਜਿਹੇ ਕਿਸੇ ਕਲੇਮ ਜੋ ਕਿ ਮੌਦਰਿਕ ਜਾਂ ਕੋਈ ਹੋਰ ਦਾਅਵੇ ਦੀ ਹਾਲਤ ਵਿੱਚ ਏਜੰਸੀ/ ਠੇਕੇਦਾਰ ਮੁਆਵਜੇ ਦੇਣ ਲਈ ਵਚਨਬੱਧ ਹੋਵੇਗਾ।
11. ਕੂੜੇ ਨੂੰ ਸਹੀ ਜਗ੍ਹਾਂ ਤੇ ਸਹੀ ਤਰੀਕੇ ਨਾਲ ਸੁੱਟਣ ਲਈ ਠੇਕੇਦਾਰ ਜਿੰਮੇਵਾਰ ਹੋਵੇਗਾ।
12. ਠੇਕੇਦਾਰ ਵੱਲੋਂ ਕੀਤੇ ਜਾ ਰਹੇ ਜਾਂ ਪੂਰੇ ਕੀਤੇ ਗਏ ਕੰਮ ਨੂੰ ਕਿਸੇ ਵੀ ਸਮੇਂ ਇੰਚਾਰਜ ਇੰਜੀਨੀਅਰ ਜਾਂ ਦਫਤਰ ਦੇ ਕਿਸੇ ਵੀ ਨੁਮਾਂਇੰਦੇ ਵੱਲੋਂ ਨਿਰੀਖਣ ਕੀਤਾ ਜਾ ਸਕਦਾ ਹੈ।
13. ਕਿਰਤ ਕਾਨੂੰਨਾਂ ਨਾਲ ਸਬੰਧਤ ਸਾਰੇ ਕਾਨੂੰਨਾਂ ਜਿਵੇਂ ਕਿ ਕੰਟਰੈਕਟ ਲੇਬਰ (ਰੈਗੂਲੇਸ਼ਨ ਅਤੇ ਐਬੋਲੀਸ਼ਨ) ਐਕਟ 1970, ਇੰਡਸਟਰੀਜ ਡਿਸਪਿਊਟਸ/1947, ਘੱਟੋ-ਘੱਟ ਤਨਖਾਹ ਐਕਟ, ਪੇਅਮੇਂਟ ਆਫ ਬੋਨਸ ਐਕਟ ਇਮਪਲਾਈਜ ਪ੍ਰੋਵੀਡੈਂਟ ਫੰਡਸ ਐਕਟ, ਇਮਪਲਾਈਜ ਸਟੇਟ ਇਨਸ਼ੋਰੈਂਸ ਐਕਟ, ਵਰਕਮੈਨ ਕੰਪੇਨਸੇਸ਼ਨ ਐਕਟ ਆਦਿ ਜੋ ਕਿ ਮੌਜੂਦਾ ਸਮੇਂ ਲਾਗੂ ਹਨ ਜਾਂ ਜੋ ਆਉਣ ਵਾਲੇ ਸਮੇਂ ਵਿੱਚ ਲਾਗੂ ਹੋ ਸਕਦੇ ਹਨ, ਦੀ ਪਾਲਨਾ ਠੇਕੇਦਾਰ ਵੱਲੋਂ ਕੀਤੀ ਜਾਵੇਗੀ।
14. ਠੇਕੇਦਾਰ ਵੱਲੋਂ ਠੇਕਾ ਮਿਲਣ ਦੇ 15 ਦਿਨਾਂ ਦੇ ਅੰਦਰ ਪੀ.ਐਸ.ਟੀ.ਸੀ.ਐਲ. ਦੇ ਨਿਯਮਾਂ ਮੁਤਾਬਿਕ ਗੈਰ-ਸਵਿਧਾਨਿਕ (Non-Judicial) ਸਟੈਂਪ ਪੇਪਰ ਤੇ ਇਕਰਾਰਨਾਮਾ ਕਰਨਾ ਪਵੇਗਾ। ਇਕਰਾਰਨਾਮਾ ਕਰਨ ਲਈ ਆਉਣ ਵਾਲਾ ਖਰਚ ਜਿਵੇਂ ਕਿ ਟਿਕਟਾਂ ਦੀ ਕ਼ੀਮਤ ਅਤੇ ਹੋਰ ਕਾਗਜ ਤਿਆਰ ਕਰਨਾ ਆਦਿ ਠੇਕੇਦਾਰ ਵੱਲੋਂ ਕੀਤਾ ਜਾਵੇਗਾ।
15. ਕੰਟਰੈਕਟ/ ਵਰਕ ਆਰਡਰ ਦਾ ਸਮਾਂ ਵਧਾਇਆ ਜਾ ਘਟਾਇਆ ਜਾ ਸਕਦਾ ਹੈ ਆਪ ਜੀ ਦੀਆਂ ਸੇਵਾਵਾਂ ਤਸੱਲੀਬਖਸ਼ ਹੋਣ ਤ ਵਧਾਇਆ ਜਾ ਸਕਦਾ ਹੈ।
16. ਜੇਕਰ ਕਿਸੇ ਸਮੇਂ ਕਿਸੇ ਵੀ ਦਫਤਰ/ ਸਬ-ਸਟੇਸ਼ਨ ਆਦਿ ਜਗ੍ਹਾ ਤੇ ਕੰਮ ਕਰਨ ਵਾਲਾ ਕਾਮਾਂ ਨੌਕਰੀ ਛੱਡ ਜਾਂਦਾ ਹੈ ਜਾਂ ਕੰਮ ਤੇ ਨਹੀਂ ਆਉਂਦਾ, ਤਦ 1-2 ਦਿਨਾਂ ਵਿੱਚ ਨਵਾਂ ਕਾਮਾਂ ਮੁਹੱਈਆਂ ਕਰਵਾਉਣ ਦੀ ਜਿੰਮੇਵਾਰੀ ਕੰਟਰੈਕਟਰ ਦੀ ਹੋਵੇਗੀ ਨਹੀਂ ਤਾਂ ਜਿਨ੍ਹੇ ਦਿਨਾਂ ਲਈ ਕਾਮਾਂ ਨਹੀ ਮੁਹੱਈਆਂ ਕਰਵਾਇਆ ਜਾਵੇਗਾ, ਉਨ੍ਹੇ ਦਿਨਾਂ ਦੀ ਅਦਾਇਗੀ ਨਹੀ ਕੀਤੀ ਜਾਵੇਗੀ।
17. ਸੇਵਾਵਾਂ ਤੱਸਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਪੀ.ਐਸ.ਟੀ.ਸੀ.ਐਲ. ਦੀ ਅਥਾਰਟੀ ਵੱਲੋਂ ਇੱਕ ਮਹੀਨੇ ਦਾ ਨੋਟਿਸ ਦੇ ਕੇ ਕੰਟਰੈਕਟ/ ਵਰਕ ਆਰਡਰ ਖਤਮ ਕੀਤਾ ਜਾ ਸਕਦਾ ਹੈ ਅਤੇ ਤੁਹਾਡੇ ਵੱਲੋਂ ਵੀ ਇੱਕ ਮਹੀਨੇ ਦਾ ਨੋਟਿਸ ਦੇ ਕੇ ਕੰਮ ਬੰਦ ਕੀਤਾ ਜਾ ਸਕਦਾ ਹੈ।
18. ਜੇਕਰ ਕੋਈ ਝਗੜਾ ਖੜਾ ਹੁੰਦਾ ਹੈ ਤਾਂ ਉਸ ਸੂਰਤ ਵਿੱਚ ASE/P&M Division, PSTCL, Ablowal ਦਾ ਫੈਸਲਾ ਆਖਰੀ ਹੋਵੇਗਾ।
19. ਸਾਰੇ ਝਗੜਿਆਂ ਲਈ ਮਾਮਲੇ ਦਾ ਅਧਿਕਾਰ ਖੇਤਰ ਕੇਵਲ ਪਟਿਆਲਾ ਵਿਖੇ ਸਥਿੱਤ ਅਦਾਲਤ ਦਾ ਹੋਵੇਗਾ।

ਵਧੀਕ ਨਿਗਰਾਨ ਇੰਜੀ:/ਪੀ ਤੇ ਐਮ ਮੰਡਲ,
ਪੀ.ਐਸ.ਟੀ.ਸੀ.ਐਲ., ਅਬਲੋਵਾਲ।

ਐਕਸਚਰ-ਬੀ

220 ਕੇ.ਵੀ. ਸ/ਸ ਅਲਟਰਾਟੈਕ ਰਾਜਪੁਰਾ ਵਿਖੇ **ਸਾਫ-ਸਫਾਈ ਆਦਿ ਦਾ ਕੰਮ ਆਊਟਸੋਰਸ** ਰਾਹੀਂ **ਕਰਵਾਉਣ ਸਬੰਧੀ।**

| ਲੜੀ ਨੰਬਰ | ਕੰਮ ਦਾ ਵੇਰਵਾ | ਰਕਮ ਪ੍ਰਤੀ ਮਹੀਨਾ |
|---|---|---|
| 1 | 220 ਕੇ.ਵੀ. ਸ/ਸ ਅਲਟਰਾਟੈਕ ਰਾਜਪੁਰਾ ਅਧੀਨ ਪੀ ਤੇ ਐਮ ਮੰਡਲ, ਅਬਲੋਵਾਲ ਵਿਖੇ ਰੋਜਾਨਾ ਇੱਕ ਸਾਲ ਲਈ (ਵਰਕ ਆਰਡਰ ਜਾਰੀ ਹੋਣ ਉਪਰੰਤ) ਕੰਟਰੋਲ ਰੂਮ, ਪਾਰਕਿੰਗ ਸੈਂਡ, ਅਤੇ ਦਫਤਰ ਦੇ ਕਮਰੇ, ਵਾਸ਼ਰੂਮ, ਬੈਟਰੀ ਰੂਮ ਆਦਿ ਦੀ ਸਾਫ-ਸਫਾਈ ਦਾ ਕੰਮ ਆਊਟਸੋਰਸ ਰਾਹੀਂ ਕਰਵਾਉਣ ਲਈ ਘੱਟੋ-ਘੱਟ ਰੇਟਾਂ ਤੇ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ। | |

**ਨੋਟ:** ਜੀ.ਐਸ.ਟੀ. (ਜੋ ਲਾਗੂ ਹੋਵੇਗਾ) P.S.T.C.L. ਵੱਲੋਂ ਵੱਖਰਾ ਦਿੱਤਾ ਜਾਵੇਗਾ।

ਮੈਂ ਟੈਂਡਰ ਵਿੱਚ ਦਿੱਤੇ ਹੋਏ ਸਾਰੇ ਨਿਯਮ ਅਤੇ ਸ਼ਰਤਾਂ ਚੰਗੀ ਤਰ੍ਹਾਂ ਪੜ੍ਹ ਲਈਆਂ ਹਨ ਅਤੇ ਟੈਂਡਰ ਵਿੱਚ ਦਿੱਤੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਆਪਣੀ ਕੁਟੇਸ਼ਨ ਦੇ ਰਿਹਾ ਹਾਂ।

ਠੇਕੇਦਾਰ ਦੇ ਦਸਤਖਤ ________________

ਮਿਤੀ: ____________

ਕੰਪਨੀ ________________

ਸਥਾਨ: ____________

ਮੋਬਾਇਲ ਨੰ. ________________

7/3